# ਨਗਰ ਨਿਗਮ ਅੰਮ੍ਰਿਤਸਰ

# ਬਜਟ ਸਾਲ

# 2022-23

ਵਿਸ਼ਾ- ਨਗਰ ਨਿਗਮ ਅੰਮ੍ਰਿਤਸਰ ਦਾ ਅਨੁਮਾਨਤ ਬਜਟ ਸਾਲ 2022-23

ਇਸ ਦਫਤਰ ਦੇ ਪੱਤਰ ਨੰ: ਡੀ.ਸੀ.ਐਫ.ਏ./305 ਮਿਤੀ 6-1-22ਅਤੇ ਯਾਦ ਪੱਤਰ ਨੰ: ਡੀਸੀਐਫਏ/321 ਮਿਤੀ 17-2-2022, ਅਤੇ ਡੀਸੀਐਫਏ/332 ਮਿਤੀ 3-3-22 ਰਾਹੀ ਸਾਲ 2022-23 ਦਾ ਅਨੁਮਾਨਤ ਬਜਟ ਬਣਾਉਣ ਲਈ ਵਖ ਵਖ ਵਿਭਾਗਾਂ ਪਾਸੋਂ ਵੇਰਵੇ ਮੰਗੇ ਗਏ ਸੀ, ਵੇਰਵੇ ਪਾਪਤ ਹੋਣ ਤੋਂ ਬਾਅਦ ਇਸ ਬਜਟ ਵਿਚ ਸਾਲ 2021-22 ਦਾ ਰੀਵਾਈਜਡ ਅਤੇ ਸਾਲ 2022-23 ਦਾ ਅਨੁਮਾਨਤ ਬਜਟ ਬਣਾਇਆ ਗਿਆ ਹੈ। ਨਗਰ ਨਿਗਮ, ਅੰਮ੍ਰਿਤਸਰ ਦਾ ਜੋ ਸਾਲ 2022-23 ਦਾ ਅਨੁਮਾਨਤ ਬਜਟ ਬਣਾਇਆ ਗਿਆ ਹੈ ਉਸ ਅਨੁਸਾਰ ਅਮਲੇ ਤੇ 65%, ਅਚਨਚੇਤ ਤੇ 3% ਅਤੇ ਵਿਕਾਸ ਦੇ ਕੰਮਾਂ ਵਿਚ 32% ਅਨੁਮਾਨਿਤ ਖਰਚਾ ਹੋਵੇਗਾ।

ਨਗਰ ਨਿਗਮ, ਅੰਮ੍ਰਿਤਸਰ ਦਾ ਬਜਟ ਵਖ ਵਖ ਹੈਡਾਂ ਵਿਚ ਨੱਥੀ ਅਨੁਲਗਾਂ ਵਿਚ ਦਰਸਾਇਆ ਗਿਆ ਹੈ। ਸਾਲ 2022-23 ਵਿਚ ਜੋ ਵੀ ਬਜਟ ਉਪਬੰਧ ਕੀਤਾ ਜਾ ਰਿਹਾ ਹੈ, ਦੇ ਸਬੰਧ ਵਿਚ ਆਸ ਕੀਤੀ ਜਾਂਦੀ ਹੈ ਕਿ ਉਪਬੰਧ ਅਗਲੇ ਸਾਲ ਵਿਚ ਪੂਰਾ ਕੀਤਾ ਜਾਵੇਗਾ। ਨਗਰ ਨਿਗਮ, ਅੰਮ੍ਰਿਤਸਰ ਵਲੋਂ ਸੋਧਿਆ ਹੋਇਆ ਬਜਟ ਸਾਲ 2021-22 ਅਤੇ ਅਨੁਮਾਨਿਤ ਬਜਟ 2022-23 ਇਸ ਤਰਾਂ ਬਣਾਇਆ ਗਿਆ ਹੈ ਕਿ ਨਗਰ ਨਿਗਮ ਅੰਮ੍ਰਿਤਸਰ ਦੇ ਕੰਬਾਇੰਡ, ਜਨਰਲ ਸਾਈਡ ਅਤੇ ਵਾਟਰ ਸਪਲਾਈ ਅਤੇ ਸੀਵਰੇਜ ਵਿਭਗ ਦਾ ਬਜਟ ਕ੍ਰਮਵਾਰ ਅਨੁਲਗ 1,2 ਅਤੇ 3,12 ਵਿਚ ਦਰਸਾਇਆ ਗਿਆ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

ਸਰਕਾਰ ਵਲੋਂ ਸਾਲ 2021-22 ਦਾ ਬਜਟ ਪਾਸ ਕਰਨ ਸਮੇਂ ਕੁਲ 35455.00 ਲੱਖ ਰੁਪਏ (354.55 ਕਰੋੜ) ਆਮਦਨ ਦਾ ਬਜਟ ਟੀਚਾ ਮੰਜੂਰ ਕੀਤਾ ਗਿਆ ਸੀ ਜਿਸ ਵਿੱਚ 32355.00 ਲੱਖ ਰੁਪਏ (323.55 ਕਰੋੜ) ਜਨਰਲ ਸਾਈਡ ਦੀ ਆਮਦਨ ਅਤੇ 3100.00 ਲੱਖ ਰੁਪਏ (31 ਕਰੋੜ) ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ ਮੰਜੂਰ ਕੀਤੀ ਗਈ ਸੀ। ਇਸ ਆਮਦਨ ਵਿਰੁੱਧ

ਬਾਕੀ ਸਫਾ..2

ਸਰਕਾਰ ਵਲੋਂ ਸਾਲ 2021-22 ਲਈ 34115.00 ਲੱਖ ਰੁਪਏ (341.15 ਕਰੋੜ) ਦਾ ਕੁਲ ਖਰਚਾ ਨਗਰ ਨਿਗਮ ਦਾ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਚੋਂ 23000.00 ਲੱਖ ਰੁਪਏ (230.00 ਕਰੋੜ) ਅਮਲੇ ਲਈ, 1035.00 ਲੱਖ ਰੁਪਏ (10.35 ਕਰੋੜ) ਕੰਟੀਜੈਂਸੀ ਲਈ ਅਤੇ 10080.00 ਲੱਖ ਰੁਪਏ (100.80 ਕਰੋੜ) ਵਿਕਾਸ ਦੇ ਕੰਮਾਂ ਲਈ ਸੀ। ਇਸ ਤੋਂ ਇਲਾਵਾ ਵਿਕਾਸ ਦੇ ਨਾਨ ਕਮਿਟਿਡ ਖਰਚੇ ਸਰਕਾਰ ਵਲੋਂ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ ਵਿਚੋਂ ਕਰਨ ਦੇ ਹੁਕਮ ਕੀਤੇ ਗਏ ਸਨ। ਨਗਰ ਨਿਗਮ, ਅੰਮ੍ਰਿਤਸਰ ਦਾ ਸਾਲ 2022-23 ਦਾ ਅਨੁਮਾਨਤ ਬਜਟ ਜੋ ਕੁਲ 45500.00 ਲੱਖ ਰੁਪਏ (455 ਕਰੋੜ ) ਦਾ ਤਿਆਰ ਕੀਤਾ ਗਿਆ ਹੈ ਅਤੇ ਸਰਕਾਰ ਵਲੋਂ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ ਨਾਲ ਵਿਕਾਸ ਦੇ ਕੰਮ ਕਰਵਾਏ ਜਾਣਗੇ। ਜੇਕਰ ਸਰਕਾਰ ਵਲੋਂ ਕਿਸੇ ਵੀ ਟੈਕਸ, ਫੀਸ ਆਦਿ ਦਾ ਵਾਧਾ ਕੀਤਾ ਜਾਵੇਗਾ ਤਾਂ ਉਸ ਅਨੁਸਾਰ ਨਗਰ ਨਿਗਮ ਦੀ ਆਮਦਨ ਵਿਚ ਵਾਧਾ ਵਖਰਾ ਹੋਵੇਗਾ।

## ਜਨਰਲ ਸਾਈਡ ਦੀ ਆਮਦਨ

ਸਰਕਾਰ ਵਲੋਂ ਜਨਰਲ ਸਾਈਡ ਦੀ ਆਮਦਨ ਸਾਲ 2021-22 ਲਈ 32355.00 ਲੱਖ ਰੁਪਏ (323.55 ਕਰੋੜ) ਮੰਜ਼ੂਰ ਕੀਤੀ ਗਈ ਸੀ। ਮਿਤੀ 1-4-21 ਨੂੰ ਜਨਰਲ ਸਾਈਡ ਦਾ ਮੁੱਢਲਾ ਬਕਾਇਆ 2788.28 ਲੱਖ ਰੁਪਏ (27.28 ਕਰੋੜ ) ਸੀ। ਮਿਤੀ 1-4-2021 ਤੋਂ 31-1-2022 ਤੱਕ ਜਨਰਲ ਸਾਈਡ ਦੀ ਆਮਦਨ 23170.46 ਲੱਖ ਰੁਪਏ (231.70 ਕਰੋੜ ) ਪ੍ਰਾਪਤ ਹੋਈ ਹੈ, 1883.03 ਲੱਖ ਰੁਪਏ ( 18.83 ਕਰੋੜ ) ਸਰਕਾਰ ਵਲੋਂ 15ਵੇ ਵਿੱਤ ਕਮਿਸ਼ਨ ਦੀ ਗਰਾਂਟ ਪ੍ਰਾਪਤ ਹੋਈ ਹੈ । ਸਾਲ 2022-23 ਦੀ ਆਮਦਨ ਦਾ ਟੀਚਾ 43400.00 ਲੱਖ ਰੁਪਏ (434.00 ਕਰੋੜ) ਮਿਥਿਆ ਗਿਆ ਹੈ। ਇਸ ਦਾ ਵੇਰਵਾ ਅਨੁਲਗ-4 ਵਿਚ ਦਰਸਾਇਆ ਗਿਆ ਹੈ।

ਚਲਦਾ ਸਫਾ..3

## ਖਰਚਾ

### ਅਮਲਾ ਖਰਚਾ

ਸਾਲ 2021-22 ਵਿਚ ਇਸ ਮੱਦ ਅਧੀਨ ਸਰਕਾਰ ਦੁਆਰਾ 18500 .00 ਲੱਖ ਰੁਪਏ (185.00 ਕਰੋੜ )ਮੰਨਜੂਰ ਕੀਤੇ ਗਏ ਸਨ । ਇਸ ਵਿਚੋਂ ਮਿਤੀ 1-4-2021 ਤੋਂ 31-1-2022 ਤੱਕ 13641.62 ਲੱਖ ਰੁਪਏ (136.41 ਕਰੋੜ) ਦਾ ਖਰਚਾ ਹੋਇਆ ਹੈ ਅਤੇ 31-3-2022 ਤੱਕ 18500.00 ਲੱਖ ਰੁਪਏ (185.00 ਕਰੋੜ) ਖਰਚ ਹੋਣ ਦੀ ਸੰਭਾਵਨਾ ਹੈ। ਸਾਲ 2021-22 ਦਾ ਸੋਧਿਆ ਖਰਚਾ 18500.00 ਲੱਖ ਰੁਪਏ (185.00 ਕਰੋੜ) ਤਜਵੀਜ ਕੀਤਾ ਜਾਂਦਾ ਹੈ। ਸਾਲ 2021-22 ਵਿਚ ਜੋ ਸਰਕਾਰ ਵਲੋਂ ਬਜਟ ਪਾਸ ਕੀਤਾ ਗਿਆ ਸੀ ਉਸ ਵਿਚ ਖਾਲੀ ਅਸਾਮੀਆਂ ਦਾ ਖਰਚਾ ਘਟਾ ਕੇ ਬਜਟ ਪਾਸ ਕੀਤਾ ਸੀ। ਇਸ ਮੱਦ ਅਧੀਨ ਸਾਲ 2022-23 ਲਈ 23710.00 ਲੱਖ ਰੁਪਏ (237.10 ਕਰੋੜ) ਦਾ ਉਪਬੰਧ ਖਾਲੀ ਅਸਾਮੀਆਂ ਦਾ ਖਰਚਾ ਘਟਾ ਕੇ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਰਮਚਾਰੀਆਂ ਦੀ ਗ੍ਰੈਚੁਅਟੀ, ਐਕਸਗਰੇਸ਼ੀਆਂ, ਬਕਾਇਆ ਛੁੱਟੀਆਂ ਦੇ ਲਾਭ, ਪੀ.ਐਫ. ਦੇ ਬਕਾਏ ਅਤੇ ਹੋਰ ਬਕਾਏ ਆਦਿ ਦਾ ਖਰਚੇ ਵੀ ਇਸ ਵਿਚ ਸ਼ਾਮਲ ਹਨ। ਅਮਲੇ ਖਰਚੇ ਦਾ ਵੇਰਵਾ ਅਨੁਲਗ-5 ਵਿਚ ਦਰਸਾਇਆ ਗਿਆ ਹੈ।

### ਕੰਟੀਜੈਂਸੀ

ਸਾਲ 2021-22 ਵਿਚ ਇਸ ਮੱਦ ਹੇਠ 1027.00 ਲੱਖ ਰੁਪਏ (10.27 ਕਰੋੜ) ਦਾ ਬਜਟ ਉਪਬੰਧ ਮੰਜੂਰ ਕੀਤਾ ਗਿਆ ਸੀ ਅਤੇ ਮਿਤੀ 1-4-2021 ਤੋਂ 31-1-2022 ਤੱਕ ਇਸ ਮੱਦ ਅਧੀਨ 879.69 ਲੱਖ ਰੁਪਏ (8.79 ਕਰੋੜ) ਦਾ ਖਰਚਾ ਹੋ ਚੁੱਕਾ ਹੈ ਅਤੇ 31-3-2022ਤੱਕ ਖਰਚ ਹੋਣ ਦੀ ਸੰਭਾਵਨਾ ਹੈ । 1034.00 ਲੱਖ ਰੁਪਏ (10.34 ਕਰੋੜ) ਸੋਧੇ ਹੋਏ ਬਜਟ ਲਈ ਤਜਵੀਜ ਕੀਤਾ ਜਾਂਦਾ ਹੈ। ਸਾਲ 2022-23 ਵਿਚ ਇਸ ਮੱਦ ਅਧੀਨ 1140.00 ਲੱਖ ਰੁਪਏ (11.40 ਕਰੋੜ ) ਖਰਚਾ ਕਰਨ ਦਾ ਉਪਬੰਧ ਕੀਤਾ ਗਿਆ ਹੈ । ਜਿਸ ਦਾ ਵੇਰਵਾ ਅਨੁਲਗ -6 ਏ ਵਿਚ ਦਰਸਾਇਆ ਗਿਆ ਹੈ।

ਚਲਦਾ ਸਫਾ..4

## ਵਿਕਾਸ ਦੇ ਖਰਚੇ ਦਾ ਵੇਰਵਾ

ਸਾਲ 2021-22 ਵਿਚ ਇਸ ਮੱਦ ਅਧੀਨ 7930.00 ਲੱਖ ਰੁਪਏ (79.30 ਕਰੋੜ ) ਦਾ ਬਜਟ ਸਰਕਾਰ ਵਲੋਂ ਪ੍ਰਵਾਨ ਕੀਤਾ ਗਿਆ ਸੀ ਮਿਤੀ 1-4-21 ਤੋਂ 31-1-22 ਤੱਕ ਇਸ ਮੱਦ ਅਧੀਨ ਜਰਨਲ ਸਾਈਡ ਦਾ ਕੁਲ ਖਰਚਾ 5114.38 ਲੱਖ ਰੁਪਏ (51.14 ਕਰੋੜ ) ਦਾ ਖਰਚਾ ਹੋਇਆ ਹੈ ਅਤੇ ਸਰਕਾਰ ਵਲੋਂ ਪ੍ਰਾਪਤ ਹੋਈ ਗਰਾਂਟ ਵਿਚੋ 2455.80 ਲੱਖ ਰੁਪਏ (24.55 ਕਰੋੜ) ਵਿਕਾਸ ਤੇ ਖਰਚੇ ਗਏ ਹਨ। ਇਸ ਤੋਂ ਇਲਾਵਾ ਜਨਰਲ ਸਾਈਡ ਵਲੋਂ 3300.00 ਲੱਖ ਰੁਪਏ (33.00 ਕਰੋੜ) ਦਾ ਕੰਟਰੀਬਿਉਸ਼ਨ ਸਾਲ 2021-22 ਦੋਰਾਨ ਮਿਤੀ 1-4-21 ਤੋਂ 31-1-22 ਤੱਕ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਨੂੰ ਦਿੱਤਾ ਜਾ ਚੁੱਕਾ ਹੈ। ਸਾਲ 2022-23 ਲਈ ਵਿਕਾਸ ਦੇ ਕੰਮਾਂ ਲਈ 10662.00 ਲੱਖ ਰੁਪਏ (106.62 ਕਰੋੜ) ਖਰਚ ਕਰਨ ਦਾ ਉਪਬੰਧ ਕੀਤਾ ਗਿਆ ਹੈ । ਨਗਰ ਨਿਗਮ ਅੰਮ੍ਰਿਤਸਰ ਨੂੰ ਸਰਕਾਰ ਪਾਸੋਂ ਜੋ ਵੀ ਗਰਾਂਟ ਪ੍ਰਾਪਤ ਹੋਣ ਦੀ ਆਸ ਹੈ, ਉਸ ਰਾਸ਼ੀ ਨਾਲ ਵੀ ਵਿਕਾਸ ਦੇ ਕੰਮ ਕੀਤੇ ਜਾਣਗੇ।

## ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ

### ਆਮਦਨ

ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੇ ਆਪਣੇ ਬਜਟ ਸਾਲ 2021-22 ਲਈ 3100.00 ਲੱਖ ਰੁਪਏ (31.00 ਕਰੋੜ) ਦੀ ਆਮਦਨ ਦੀ ਸਰਕਾਰ ਵਲੋ ਮੰਜੂਰੀ ਦਿਤੀ ਗਈ ਸੀ। ਮਿਤੀ 1-4-21 ਨੂੰ ਇਸ ਵਿਭਾਗ ਦਾ ਮੁੱਢਲਾ ਬਕਾਇਆ 409.53 ਲੱਖ ਰੁਪਏ ਸੀ। ਇਸ ਵਿਭਾਗ ਨੂੰ

ਚਲਦਾ ਸਫਾ....5

ਮਿਤੀ 1-4-21 ਤੋਂ 31-1-22 ਤੱਕ 523.09 ਲੱਖ ਰੁਪਏ (5.23 ਕਰੋੜ) ਆਮਦਨ ਅਤੇ 3300.00 ਲੱਖ ਰੁਪਏ (33.00ਕਰੋੜ) ਜਨਰਲ ਸਾਈਡ ਤੂੰ ਕੰਟਰੀਬਿਊਸ਼ਨ ਪ੍ਰਾਪਤ ਹੋਈ ਹੈ ਸਾਲ 2022-23 ਵਿਚ 2100.00 ਲੱਖ ਰੁਪਏ (21 ਕਰੋੜ) ਦੀ ਆਮਦਨ ਦਾ ਉਪਬੰਧ ਕੀਤਾ ਗਿਆ ਹੈ । ਇਸ ਤੋ ਇਲਾਵਾ 7888.00 ਲੱਖ ਰੁਪਏ (78.88 ਕਰੋੜ ) ਦੀ ਕੰਟਰੀਬਿਊਸ਼ਨ ਸਾਲ 2022-23 ਦੋਰਾਨ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਵਲੋਂ ਨਗਰ ਨਿਗਮ, ਅੰਮ੍ਰਿਤਸਰ ਦੀ ਜਨਰਲ ਸਾਈਡ ਤੋਂ ਪਾਪਤ ਕਰਨ ਦਾ ਉਪਬੰਧ ਕੀਤਾ ਗਿਆ ਹੈ । ਇਸ ਦਾ ਵੇਰਵਾ ਅਨੁਲਗ 3 ਅਤੇ 12 ਵਿਚ ਦਰਸਾਇਆ ਗਿਆ ਹੈ ।

<u>ਖਰਚਾ ਅਮਲਾ</u>

ਇਸ ਵਿਭਾਗ ਦੇ ਅਮਲੇ ਦਾ ਖਰਚਾ ਸਾਲ 2021-22 ਲਈ 4500.00 ਲੱਖ ਰੁਪਏ (45.00 ਕਰੋੜ) ਸਰਕਾਰ ਵਲੋਂ ਮੰਜੂਰ ਕੀਤਾ ਗਿਆ ਸੀ ਮਿਤੀ 1-4-21 ਤੋ 31-1-22 ਤੱਕ ਇਸ ਮੱਦ ਅਧੀਨ 3341.79 ਲੱਖ ਰੁਪਏ (33.41 ਕਰੋੜ) ਖਰਚਾ ਹੋ ਚੁੱਕਾ ਹੈ ਅਤੇ 31-3-2022 ਤੱਕ 4500.00 ਲੱਖ ਰੁਪਏ (45.00 ਕਰੋੜ) ਖਰਚਾ ਹੋਣ ਦੀ ਸੰਭਾਵਨਾ ਹੈ । ਸਾਲ 2022-23 ਲਈ ਇਸ ਮੱਦ ਹੇਠ 5878.00 ਲੱਖ ਰੁਪਏ (58.78 ਕਰੋੜ) ਖਰਚ ਹੋਣ ਦੀ ਤਜਵੀਜ ਹੈ ਅਤੇ ਅਮਲੇ ਦੇ ਖਰਚੇ ਵਿਚੋਂ ਖਾਲੀ ਅਸਾਮੀਆਂ ਦਾ ਖਰਚਾ ਘਟਾ ਕੇ ਬਜਟ ਬਣਾਇਆ ਗਿਆ ਹੈ । ਇਸ ਦਾ ਵੇਰਵਾ ਅਨੁਲਗ 3,9 ਵਿਚ ਦਰਜ ਹੈ ।

<u>ਅਚਨਚੇਤ ਖਰਚਾ</u>

ਇਸ ਮੱਦ ਹੇਠ ਸਾਲ 2021-22 ਲਈ 8.00 ਲੱਖ ਰੁਪਏ ਖਰਚੇ ਦੀ ਮੰਜੂਰੀ ਸਰਕਾਰ ਵਲੋ ਦਿਤੀ ਗਈ ਸੀ, ਮਿਤੀ 1-4-21 ਤੋ 31-1-22 ਤੱਕ ਇਸ ਮੱਦ ਅਧੀਨ 0.47 ਲੱਖ ਰੁਪਏ ਖਰਚਾ ਹੋ ਚੁੱਕਾ ਹੈ । ਸਾਲ 2022-23 ਲਈ 10.00 ਲੱਖ ਰੁਪਏ ਦਾ ਖਰਚਾ ਇਸ ਹੈਡ ਵਿਚ ਕਰਨ ਦਾ ਉਪਬੰਧ ਕੀਤਾ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 12 ਵਿਚ ਦਰਜ ਹੈ ।

ਚਲਦਾ ਸਫਾ...6

**ਵਿਕਾਸ ਦੇ ਕੰਮਾਂ ਤੇ ਖਰਚਾ**

ਸਾਲ 2021-22 ਲਈ ਇਸ ਮੱਦ ਹੇਠ 2150.00 ਲੱਖ ਰੁਪਏ (21.50 ਕਰੋੜ) ਦਾ ਖਰਚਾ ਕਰਨ ਦੀ ਪ੍ਰਵਾਨਗੀ ਸਰਕਾਰ ਵਲੋਂ ਦਿਤੀ ਗਈ ਸੀ ਮਿਤੀ 1-4-21 ਤੋ 31-1-22 ਤੱਕ ਇਸ ਮੱਦ ਅਧੀਨ 612.07 ਲੱਖ ਰੁਪਏ ਖਰਚਾ ਹੋਇਆ ਹੈ ਅਤੇ ਬਾਕੀ ਡਿਵੈਲਪਮੈਟ ਦੇ ਕੰਮ ਗੌਰਮਿੰਟ ਪਾਸੋ ਪ੍ਰਾਪਤ ਹੋਣ ਵਾਲੀ ਗਰਾਂਟ ਵਿਚੋ ਕੀਤੇ ਗਏ ਹਨ । ਸਾਲ 2022-23 ਵਿਚ ਇਸ ਮੱਦ ਹੇਠ 4100.00 ਲੱਖ ਰੁਪਏ (41.00ਕਰੋੜ) ਖਰਚੇ ਦਾ ਉਪਬੰਧ ਕੀਤਾ ਗਿਆ ਹੈ, ਜਿਸ ਦਾ ਵੇਰਵਾ ਅਨੁਲਗ 3, 12 ਵਿਚ ਦਰਸਾਇਆ ਗਿਆ ਹੈ। ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ 2100.00 ਲੱਖ ਰੁਪਏ ਸਾਲ 2022-23 ਵਿਚ ਹੋਣ ਦੀ ਆਸ ਹੈ ਜਦੋ ਕਿ ਇਸ ਵਿਭਾਗ ਦਾ ਕੁਲ ਖਰਚਾ 9988.00 ਲੱਖ ਰੁਪਏ ਹੋਵੇਗਾ ਅਤੇ ਘਾਟਾ ਪੂਰਾ ਕਰਨ ਲਈ ਜਨਰਲ ਸਾਈਡ ਤੋਂ ਬਤੌਰ ਯੋਗਦਾਨ 7888.00 ਲੱਖ ਰੁਪਏ (78.88 ਕਰੋੜ ) ਲੈਣ ਦੀ ਤਜਵੀਜ ਹੈ। ਇਸ ਦਾ ਵੇਰਵਾ ਅਨੁਲਗ 3,12 ਵਿਚ ਦਰਸਾਇਆ ਗਿਆ ਹੈ।

ਉਪਰੋਕਤ ਅਨੁਸਾਰ ਜੇਕਰ ਆਪ ਜੀ ਸਹਿਮਤ ਹੋਵੋ ਤਾਂ ਰੀਵਾਈਜਡ ਬਜਟ ਸਾਲ 2021-22 ਅਤੇ ਅਨੁਮਾਨਤ ਬਜਟ ਸਾਲ 2022-23 ਦੀ ਤਜਵੀਜ ਨਗਰ ਨਿਗਮ ਹਾਉਸ ਵਿਚ ਰੱਖਣ ਲਈ ਕੇਸ ਫਾਈਲ ਕਮਿਸ਼ਨਰ ਸਾਹਿਬ, ਮੇਅਰ ਸਾਹਿਬ ਜੀ ਨੂੰ ਭੇਜੀ ਜਾਵੇ ਤਾਂ ਜੋ ਹਾਉਸ ਦੇ ਫੈਸਲੇ ਉਪਰੰਤ ਨਗਰ ਨਿਗਮ ਦਾ ਸਾਲ 2021-22 ਦਾ ਸੋਧਿਆ ਹੋਇਆ ਬਜਟ ਅਤੇ ਸਾਲ 2022-23 ਦਾ ਅਨੁਮਾਨਤ ਬਜਟ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੀ ਕ੍ਰਮਵਾਰ ਧਾਰਾ 87(1) ਅਤੇ 86(2) ਅਧੀਨ ਸਥਾਨਕ ਸਰਕਾਰ ਨੂੰ ਪ੍ਰਵਾਨਗੀ ਹਿਤ ਭੇਜਿਆ ਜਾ ਸਕੇ ਜੀ।

Sd/-
ਡਿਪਟੀ ਕੰਟਰੋਲਰ ਵਿੱਤ ਅਤੇ ਲੇਖਾ,
ਨਗਰ ਨਿਗਮ, ਅੰਮ੍ਰਿਤਸਰ।